## ** ਸਿੱਖ ਦੇ ਘਰਾਂ, ਗੁਰਦੁਆਰਿਆਂ ਅਤੇ ਮੁੱਖ ਧਾਰਮਿੱਕ ਸਥਾਨਾਂ

## ਵਿਚ ਹੋ ਰਹੀਆਂ ਮੰਨਮੱਤਾਂ।

### ਕਿਸ਼ਤ ਨੰਬਰ 16

(ਲੜੀ ਜੋੜਨ ਲਈ ਕਿਸ਼ਤ ਨੰਬਰ 1, 2, 3, 4, 5, 6, 7, 8, 9, 10, 11, 12, 13, 14, 15 ਪੜ੍ਹੋ ਜੀ।)

."ਗੁਰਬਾਣੀ" ਵਿੱਚ 'ਮਹਾਨਤਾ' 'ਗਿਆਨ' ਦੀ ਹੈ।

.'ਸੱਚ' ਦੀ ਹੈ।

.'ਨਾਮ' ਦੀ ਹੈ।

.'ਨੇਮਾਂ' ਦੀ ਹੈ।

.'ਨਿਯਮਾਂ ਦੀ ਹੈ।

.'ਅਸੂਲਾਂ' ਦੀ ਹੈ।

.'ਸਿਧਾਂਤਾਂ' ਦੀ ਹੈ।

.'ਸਤ-ਗੁਣਾਂ' ਦੀ ਹੈ।

.'ਪਿਆਰ' ਦੀ ਹੈ।

.'ਸਬਰ' ਦੀ ਹੈ।

.'ਸੰਤੋਖ' ਦੀ ਹੈ।

.'ਹਲੀਮੀ' ਦੀ ਹੈ।

.'ਬਿਬੇਕ-ਬੁੱਧ' ਦੀ ਹੈ,

.'ਸਚਿਆਰਤਾ' ਦੀ ਹੈ।

.'ਸਹਿਜਤਾ' ਦੀ ਹੈ।

.'ਨਿਮਰਤਾ' ਦੀ ਹੈ।

.'ਨਿਰਭਉਤਾ' ਦੀ ਹੈ।

.'ਨਿਰਵੈਰਤਾ' ਦੀ ਹੈ।

.'ਦਇਆਲਤਾ' ਦੀ ਹੈ।

.'ਸਾਂਝੀਵਾਲਤਾ' ਦੀ ਹੈ।

.'ਪਰ-ਉਪਕਾਰਤਾ' ਦੀ ਹੈ।

.'ਅਕਲ/ਮੱਤ/ਬੁੱਧ' ਦੀ ਹੈ।

. ਨਾ, ਕਿ: ਕਿਸੇ ਖਾਸ 'ਜਗਹ, ਸਥਾਨ, ਬਿੱਲਡਿੰਗ' ਮੂਰਤੀਆਂ, ਸਖਸ਼ੀਅਤਾਂ, ਮਾਨਤਾਵਾਂ, ਰਸਮਾਂ-ਰਿਵਾਜ਼ਾਂ ਦੀ ਹੈ ?

*** ਪਰਤੱਖ ਆਪਣੇ ਸਾਹਮਣੇ ਹੈ, ਸਿੱਖ ਦੇ ਘਰਾਂ, ਗੁਰਦੁਆਰਿਆਂ ਅਤੇ ਮੁੱਖ ਧਾਰਮਿੱਕ ਸਥਾਨਾਂ ਵਿੱਚ ਜੋ ਹੋ ਰਿਹਾ ਹੈ, ਸੱਭ ਪਾਖੰਡਵਾਦ ਹੈ, ਕਰਮਕਾਂਡ ਹੈ, ਆਡੰਬਰ ਹੈ। ਪੁਜਾਰੀ ਵਲੋਂ ਸੰਪਰਦਾਈ-ਪਾਰੰਪਰਾਵਾਦੀ ਮੰਨਤਾਂ-ਮਾਨਤਾਵਾਂ ਨੂੰ ਹੀ ਤਰਜ਼ੀਹ ਦਿੱਤੀ ਜਾਂਦੀ ਹੈ।

. ਉਹੀ ਸਦੀਆਂ ਪੁਰਾਣੀਆਂ ਬ੍ਰਾਹਮਣਵਾਦੀ/ਪੁਜਾਰੀਆਂ ਵਾਲੀਆਂ ਪਾਰੰਪਰਾਵਾਂ, ਮੁੱਖ ਧਾਰਮਿੱਕ ਸਥਾਨਾਂ ਵਿੱਚ ਸਾਰੀਆਂ ਹੀ ਨਿਭਾਈਆਂ ਜਾਂਦੀਆਂ ਹਨ, ਕੀਤੀਆਂ ਜਾਂਦੀਆਂ ਹਨ।

. ਆਰਤੀਆਂ ਕਰਨੀਆਂ,. . .



. ਪ੍ਰਮੁੱਖ ਸਥਾਨਾਂ ਦੇ ਫਰਸ਼ਾਂ ਨੂੰ ਦੁੱਧ ਨਾਲ ਧੋਣਾ, . . .



. ਕਰੋੜਾਂ ਰੁਪਏ ਖਰਚ ਕੇ ਤਾਜ਼ੇ ਫੁੱਲਾਂ ਦੀ ਬਰਬਾਦੀ ਕਰਨਾ, . . .




. ਆਤਿਸ਼ਬਾਜ਼ੀ ਉੱਪਰ ਕਰੋੜਾਂ ਰੁਪਏ ਖਰਚ ਕਰਨਾ, . . .




. ਲੱਖਾਂ ਰੁਪਏ ਰੁਮਾਲਿਆਂ ਉੱਪਰ ਖਰਚ ਕਰਨਾ।))


ਇਹ ਹੈ ਸਾਡੀ ਸਿੱਖ ਸਮਾਜ ਦੀ ਅਗਿਆਨਤਾ, ਨਾ-ਸਮਝੀ ਦਾ ਨਤੀਜਾ।
ਟਰੱਕ ਭਰਕੇ ਅੱਗ ਵਿਚ ਸਾੜਨ ਲਈ ਲਿਜਾਏ ਜਾ ਰਹੇ ਕੀਮਤੀ ਰੁਮਾਲੇ।
ਅਕਲ ਦੀ ਵਰਤੋਂ ਕਰਦਿਆਂ ਇਹਨਾਂ ਰੁਮਾਲਿਆਂ ਦੀ ਸੁਚੱਜੀ ਵਰਤੋਂ ਵੀ ਹੋ ਸਕਦੀ ਹੈ।
ਪਰ ਅਫ਼ਸੋਸ!! ਸਿੱਖ ਕੌਮ ਵਿਚ ਦੂਰ ਅੰਦੇਸ਼ੀ ਦੀ ਘਾਟ ਕਰਕੇ ਸਾਡੀਆਂ ਬੇਸ਼-ਕੀਮਤੀ ਯਾਦਗਾਰਾਂ ਨੂੰ ਮਲੀਆਮੇਟ ਕਰ ਦਿੱਤਾ ਗਿਆ। ਉਸੇ ਰਾਹ ਪੁਰ ਤੁਰਦਿਆਂ ਅਸੀਂ ਕਦੇ ਆਪਣਾ ਪੁਰਾਣਾ ਵਿਰਸਾ ਸੰਭਾਲਣ ਬਾਰੇ ਸੋਚਦੇ ਹੀ ਨਹੀਂ ਹਾਂ। ਪੁਰਾਣੀਆਂ ਇਤਿਹਾਸਿਕ ਯਾਦਗਾਰਾਂ ਖੰਡਰ ਹੋ ਚੁੱਕੀਆਂ ਹਨ, ਕੋਈ ਸਾਰ ਵੀ ਨਹੀਂ ਲੈ ਰਿਹਾ।
ਸਿੱਖ ਸਮਾਜ ਨੇ 'ਆਤਮ ਗਿਆਨ' ਲੈਣ ਲਈ, ਜੋ ਅਗਵਾਈ 'ਸ਼ਬਦ ਗੁਰੂ ਗਰੰਥ ਸਾਹਿਬ ਜੀ' ਤੋਂ ਲੈਣੀ ਸੀ, ਉਸ ਵਿਚ ਫੇਲ ਹੋ ਗਿਆ ਹੈ। ਬ੍ਰਾਹਮਣ-ਪਾਂਡੇ ਦੀ ਨਿਆਈਂ ਸਾਡੇ ਭਾਈਆਂ/ਪੁਜਾਰੀਆਂ/ਗਰੰਥੀਆਂ ਨੇ 'ਸ਼ਬਦ ਗੁਰੂ' ਨੂੰ ਪੂਜਣਾ ਸ਼ੁਰੂ ਕਰ ਦਿੱਤਾ। ਸਿੱਖ ਸਮਾਜ ਕਰਮਕਾਂਡ ਵਿਚ ਗਲਤਾਨ ਹੋ ਚੁੱਕਾ ਹੈ। ਸਾਡੇ ਮੁੱਖ ਇਤਿਹਾਸਕ ਧਾਰਮਿੱਕ ਸਥਾਨ ਵੀ ਤਾਂ ਕਰਮਕਾਂਡ ਨੂੰ ਵਧਾਵਾ ਦੇ ਰਹੇ ਹਨ। ਕਿਹੜਾ ਧਾਰਮਿੱਕ ਸਥਾਨ ਹੈ ?? ਜੋ ਕਰਮਕਾਂਡ ਤੋਂ ਬਚਿਆ ਹੈ।
ਸ਼ਾਇਦ ਕੋਈ ਨਹੀਂ।
ਇੰਜ ਦਰਸ਼ਨ ਸਿੰਘ ਖਾਲਸਾ

**ਗੋਇੰਦਵਾਲ ਸਾਹਿਬ ਵਿਖੇ ਚੜ੍ਹਾਏ ਜਾਂਦੇ ਰੁਮਾਲਿਆਂ ਨੂੰ ਦਰਿਆ ਕੰਢੇ ਲਾਈ ਜਾ ਰਹੀ ਹੈ ਅੱਗ**

- **ਸਥਾਨਾਂ ਨੂੰ, ਜਗਹ ਨੂੰ, ਬਿੱਲਡਿੰਗਾਂ ਨੂੰ**, ਪ੍ਰਮੁੱਖਤਾ ਦਿੱਤੀ ਜਾ ਰਹੀ ਹੈ। ਅਨਪੜ੍ਹ ਅਗਿਆਨੀ ਲੋਕਾਈ ਵੀ ਪੁਜਾਰੀ ਦੀ ਇਸੇ ਦੁਕਾਨਦਾਰੀ ਵਾਲੀ ਬਿਰਤੀ ਦੀ ਮਨਸ਼ਾ ਨਾਲ ਜੁੜੀ ਹੋਈ ਹੈ। ਸਦੀਆਂ ਤੋਂ ਇਹ ਪੁਜਾਰੀਵਾਦ ਵਾਲਾ ਢਾਚਾਂ, ਸਿੱਖ ਸਮਾਜ ਵਿੱਚ ਵੀ ਆਪਣਾ ਜਾਲ ਫੈਲਾਅ ਚੁੱਕਿਆ ਹੈ। ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਲੋਕ ਵੀ ਬੁਰੀ ਤਰਾਂ ਇਸ ਬ੍ਰਾਹਮਣਵਾਦ ਦੀ ਕਰਮਕਾਂਡੀ ਦਲਦਲ ਵਿੱਚ ਪੂਰੇ ਦੇ ਪੂਰੇ ਫੱਸ ਚੁੱਕੇ ਹਨ। ਸਿੱਖ ਸਮਾਜ ਵਿੱਚ ਕੁੱਝ ਇਸ ਤਰਾਂ ਦੀਆਂ ਸੰਪਰਦਾਈ ਪਾਰੰਪਰਾਵਾਦੀ ਟਕਸਾਲੀ ਜੱਥੇਬੰਦੀਆਂ, ਧਾਰਮਿੱਕ ਸੰਸਥਾਵਾਂ, ਡੇਰੇਦਾਰ ਹਨ, ਜੋ ਇਹ ਬ੍ਰਹਮਣਵਾਦੀ ਕਰਮਕਾਂਡ ਨੂੰ ਫੈਲਾਉਣ ਵਿੱਚ ਆਪਣਾ ਪੂਰਾ-ਪੂਰਾ ਯੋਗਦਾਨ ਪਾ ਰਹੇ ਹਨ।

. ਮੁੱਖ ਧਾਰਮਿੱਕ ਸਥਾਨਾਂ ਉੱਪਰ ਇਹ ਸਾਰਾ ਬ੍ਰਾਹਮਣਵਾਦੀ ਕਰਮਕਾਂਡ ਦੇਖ ਕੇ, ਲੋਕ ਵੀ ਉਸੇ ਤਰਾਂ ਦੇ ਕਰਮਕਾਂਡ ਆਪਣੇ ਜੀਵਨ ਵਿਚ, ਘਰਾਂ ਵਿਚ, ਸਿੱਖ ਸਮਾਜ ਵਿੱਚ ਉਹੀ ਕਰਮਕਾਂਡ ਕਰਦੇ ਵੇਖੇ ਜਾ ਸਕਦੇ ਹਨ। ਕਿਉਂਕਿ ਬ੍ਰਾਹਮਣੀ ਕਰਮਕਾਂਡਾਂ ਨੂੰ ਸਿੱਖਾਂ ਦੇ ਪ੍ਰਮੁੱਖ ਧਾਰਮਿੱਕ ਸਥਾਨਾਂ ਵਿੱਚ ਸਿੱਖ ਪੁਜਾਰੀਆਂ ਵਲੋਂ ਮਾਨਤਾ/ਪਰਵਾਨਤਾ ਮਿਲੀ ਹੋਈ ਹੈ।

. ਸੋ ਸਿੱਖ ਸਮਾਜ ਨੇ ਤਾਂ ਉਹੀ ਕਰਮ-ਕਰਮਕਾਂਡ ਕਰਨੇ ਹਨ, ਜੋ ਉਹਨਾਂ ਦੇ ਪ੍ਰਮੁੱਖ ਧਾਰਮਿੱਕ ਸਥਾਨਾਂ ਵਿੱਚ ਹੋ ਰਹੇ ਹਨ।

. ਸਿੱਖ ਕਿਉਂ ਨਹੀਂ, ਆਪਣੇ ਜੀਵਨ ਵਿਚ, ਆਪਣੇ ਘਰਾਂ ਵਿਚ, ਇਹਨਾਂ ਮੰਨਮੱਤਾਂ, ਮਾਨਤਾਵਾਂ ਕਰਮਕਾਂਡਾਂ ਨੂੰ ਕਰਨਗੇ ? ?

## . ਜਰੂਰ ਕਰਨਗੇ! ! !

## . ਕਿਉਂਕੇ! ਮੁੱਖ ਧਾਰਮਿੱਕ ਸਥਾਨਾਂ ਵਿੱਚ ਸਿੱਖਾਂ ਨੂੰ ਵਿਖਾਇਆ- ਸਿਖਾਇਆ ਅਤੇ ਦੱਸਿਆ ਹੀ ਕਰਮਕਾਂਡ ਜਾ ਰਿਹਾ ਹੈ, ਕਿ:. .

- ਕਿਸ ਤਰਾਂ ਸ਼ਰਧਾ-ਉੱਲੂ ਬਨਣਾ ਹੈ।
- ਕਿਸ ਤਰਾਂ 'ਗੁਰਬਾਣੀ-ਗਰੰਥ' ਨੂੰ ਦੇਹ ਸਮਝ ਕੇ, ਮੂਰਤੀ ਪੂਜਾ ਵਾਂਗ ਪੂਜਣਾ ਹੈ।
- ਕਿਸ ਤਰਾਂ ਆਪਣੀ ਅਕਲ ਦਾ ਜ਼ਨਾਜਾ ਕਢਾਉਣਾ ਹੈ।

- ਕਿਸ ਤਰਾਂ ਗੱਪਾਂ-ਗਪੌੜਾਂ ਵਿੱਚ ਵਿਸਵਾਸ਼ ਕਰਨਾ ਹੈ।
- ਕਿਸ ਤਰਾਂ ਅਗਿਆਨੀ ਬਣ ਕੇ ਆਪਣੇ ਦਿਮਾਗ਼ ਦੇ ਦਰਵਾਜ਼ੇ ਬੰਦ ਕਰਨੇ ਹਨ।
- ਕਿਸ ਤਰਾਂ ਇਹਨਾਂ ਵਹਿਮਾਂ, ਭਰਮਾਂ, ਕਰਮਕਾਂਡਾਂ, ਰੀਤਾਂ-ਰਸਮਾਂ, ਆਡੰਬਰ ਨੂੰ ਬਿਨਾਂ ਸੋਚੇ ਸਮਝੇ ਕਰਨਾ ਹੈ।
- ਕਿਸ ਤਰਾਂ ਬਿਨਾਂ ਆਪਣੇ ਸੋਚੇ ਸਮਝੇ ਟਕਸਾਲੀ ਬਾਬਿਆਂ, ਡੇਰੇਦਾਰ ਮਹਾਂ-ਪੁਰਸ਼ਾਂ ਦੀਆਂ ਗਪੌੜਾਂ ਨੂੰ ਇੰਨ-ਬਿੰਨ ਸੁਣ ਕੇ ਮੰਨਣਾ ਹੈ। ਵਿਸਵਾਸ਼ ਕਰਨਾ ਹੈ।
- ਕਿਸ ਤਰਾਂ ਸਰੋਵਰ ਦੇ ਪਾਣੀ ਦੇ ਆਪਣੇ ਘਰ ਵਿੱਚ ਛਿੱਟੇ ਮਾਰਨੇ ਹਨ।
- ਕਿਸ ਤਰਾਂ ਆਰਤੀਆਂ ਕਰਨੀਆਂ ਹਨ।
- ਕਿਸ ਤਰਾਂ ਬ੍ਰਾਹਮਣੀ/ਪੁਜਾਰੀ/ਗਰੰਥੀ ਸੋਚ ਦੇ ਨਾਲ. . . ਚੌਦੇਂ, ਪੁੰਨਿਆ, ਮੱਸਿਆ, ਇਕਾਦਸੀ, ਦਸਵੀਂ, ਗਿਆਰਵੀਂ, ਸੰਗਰਾਂਦ, ਦੀਵਾਲੀ, ਦੁਸਾਹਿਰਾ, ਹੋਲੀ, ਲੋਹੜੀ, ਆਦਿ ਨੂੰ ਮਨਾਉਣਾ ਕਰਨਾ ਹੈ।
- ਕਿਸ ਤਰਾਂ ਬਗੁਲੇ ਵਾਂਗ, ਸਿੱਖ-ਸਮਾਜ ਵਿੱਚ ਹੁੰਦੇ ਕਰਮਕਾਂਡਾਂ ਨੂੰ ਵੇਖ ਵੀ ਆਪਣੀਆਂ ਅੱਖਾਂ ਨੂੰ ਬੰਦ ਰੱਖਣਾ।
- ਕਿਸ ਤਰਾਂ 'ਗੁਰਮੱਤ-ਗਿਆਨ-ਵਿਚਾਰ' ਦੇ 'ਸੱਚ' ਨੂੰ ਗ੍ਰਹਿਣ ਕਰਨ ਤੋਂ, ਅਪਨਾਉਣ ਤੋਂ ਮੁਨਕਰ ਹੋਣਾ।

...... ਸਿੱਖ ਸਮਾਜ ਵਿੱਚ ਬਹੁਤੇ ਲੋਕ, ਸਿੱਖ-ਸੰਗਤਾਂ "ਗਿਆਨ" ਪ੍ਰਾਪਤੀ ਲਈ ਬਿੱਲਕੁੱਲ ਹੀ ਅਵੇਸਲੇ ਹਨ, ਉਦਾਸੀਨ ਹਨ, ਲਾਪ੍ਰਵਾਹ ਹਨ। 'ਗੁਰਬਾਣੀ-ਗਿਆਨ' ਲੈਣ ਪ੍ਰਤੀ ਅਣਜਾਣ ਹਨ, ਅਗਿਆਨੀ ਹਨ। 'ਗਿਆਨ' ਪ੍ਰਾਪਤੀ ਲਈ ਇਹਨਾਂ ਦੇ ਮਨਾਂ ਕੋਈ ਸ਼ੌਕ ਹੀ ਨਹੀਂ ਹੈ।

. ਪ੍ਰਮੁੱਖ ਧਾਰਮਿੱਕ ਸਥਾਂਨਾਂ ਵਿੱਚ ਇਹ ਲੋਕ ਸਿਰਫ ਕਰਮਕਾਂਡ ਹੀ ਕਰਨ ਜਾਂਦੇ ਹਨ, ਕੋਈ 'ਗਿਆਨ' ਦਾ ਲਾਹਾ ਲੈਣਾ, ਸਰਧਾਆਲੂਆਂ ਦਾ ਮਕਸਦ ਨਹੀਂ ਹੁੰਦਾ, ਇਹਨਾਂ ਦੀ ਫਿਤਰਿੱਤ ਨਹੀਂ ਹੈ, ਸ਼ੌਕ ਨਹੀਂ ਹੈ, ਲਗਨ ਨਹੀਂ, ਇਰਾਦਾ ਨਹੀਂ, ਮਨ ਵਿੱਚ ਭਾਵਨਾ ਨਹੀਂ।

. ਇਹ ਲੋਕ ਸਿਰਫ ਜਗਹ, ਸਥਾਨਾਂ, ਬਿੱਲਡਿੰਗਾਂ ਨਾਲ ਹੀ ਜੁੜੇ ਹੋਏ ਹਨ। ਜਗਹ, ਸਥਾਨਾਂ, ਬਿੱਲਡਿੰਗਾਂ ਨਾਲ ਜੁੜਨ ਕਰਕੇ ਲੋਕਾਂ ਦੇ ਮਨਾਂ ਵਿੱਚ ਇਹ ਫੁਰਨਾ ਬਣਦਾ ਹੀ ਨਹੀਂ ਕਿ ਅਸੀਂ "ਗੁਰਬਾਣੀ-ਗਿਆਨ" ਨੂੰ ਲੈ ਕੇ ਆਪਣਾ ਜੀਵਨ ਉਸ 'ਗੁਰਮੱਤ-ਗਿਆਨ' ਅਨੁਸਾਰੀ ਬਣਾਉਣਾ ਹੈ।

. ਇਹਨਾਂ ਦੇ ਮਨਾਂ ਵਿੱਚ ਕੋਈ ਚਾਅ ਨਹੀਂ ਹੁੰਦਾ ਕਿ ਅਸੀਂ ਕੋਈ 'ਗਿਆਨ' ਦੀ ਗੱਲ ਆਪਣੇ ਪੱਲੇ ਬੰਨ੍ਹ ਕੇ ਲੈ ਜਾਈਏ। ਪੂਰੇ ਸਿੱਖ ਸਮਾਜ ਵਿਚੋਂ ਕੁੱਝ ਪਰਸੈਂਟ ਸਿੱਖ ਸੰਗਤਾਂ ਹੋਣਗੀਆਂ ਜਿਹਨਾਂ ਨੂੰ 'ਗੁਰਬਾਣੀ-ਗਿਆਨ-ਵਿਚਾਰ' ਲੈਣ-ਕਰਨ ਵਾਲੇ ਪਾਸੇ ਨਾਲ ਲਗਾਉ ਹੈ, ਵਰਨਾ ਜਿਆਦਾ-ਤਰ ਸਿੱਖ ਲੋਕਾਈ ਤਾਂ ਕਰਮਕਾਂਡ ਤੱਕ ਹੀ ਆਪਣੀਆਂ ਰਸਮਾਂ ਨਿਭਾਉਂਦੇ ਹਨ। ਸਿੱਖ ਸਮਾਜ ਵਿੱਚ ਨਜ਼ਰ ਮਾਰ ਕੇ ਵੇਖ ਲਉ, ਹਰ ਪ੍ਰਮੁੱਖ ਧਾਰਮਿੱਕ ਸਥਾਨ ਉੱਪਰ ਸ਼ਰਧਾ-ਉਲੂਆਂ ਦੀ ਪੂਰੀ ਭੀੜ ਹੁੰਦੀ ਹੈ। **ਜਿਆਦਾਤਰ ਇਹ ਭੀੜ ਸਿਰਫ ਜਗਹ ਨਾਲ ਹੀ ਜੁੜੀ ਹੁੰਦੀ ਹੈ।**

.’ਗਿਆਨ’ ਪ੍ਰਾਪਤ ਕਰਨਾ ਇਸ ਭੀੜ ਦਾ ਟੀਚਾ ਨਹੀਂ ਹੁੰਦਾ। ਭੀੜ ਵਿੱਚ ਜਿਆਦਾਤਰ ਲੋਕ ਆਪਣੀ ਸੁੱਖਾਂ, ਮੰਨਤਾਂ-ਮਨਾਉਂਤਾਂ ਦੇ ‘ਡਰ’ ਕਰਕੇ ਉਸ ਜਗਹ ਦੀ ਪੂਜਾ ਕਰਨ ਲਈ ਆਉਂਦੇ ਹਨ। ਕਿਸੇ ਨੂੰ ਵੀ ‘ਗੁਰਮੱਤ-ਗਿਆਨ’ ਲੈਣ ਬਾਰੇ ਮਨ ਵਿੱਚ ਫੁਰਨਾ ਵੀ ਨਹੀਂ ਫੁਰਦਾ।

**. ਸਿੱਖ ਸਮਾਜ ਦੇ ਕਿਸੇ ਵੀ ਮੁੱਖ ਧਾਰਮਿੱਕ ਸਥਾਨ ਦਾ ਪੁਜਾਰੀ ਇਹ ਨਹੀਂ ਲੋੜਦਾ/ਚਹੁੰਦਾ, ਕਿ ਉਸ ਖਾਸ ਜਗਹ, ਸਥਾਨ, ਬਿੱਲਡਿੰਗ ਉੱਪਰ/ਵਿਚ ਅਗਿਆਨੀ-ਅਨਪੜ੍ਹ ਸ਼ਰਧਾ-ਉਲੂਆਂ ਦੀ ਭੀੜ ਘਟੇ, ਬਲਕਿ ਉਹ ਤਾਂ ਚਹੁੰਦਾ ਹੈ/ਲੋੜਦਾ ਹੈ, ਕਿ ਇਹ ਬੀੜ ਹੋਰ ਵੱਧੇ। ਭੀੜ ਦੇ ਵੱਧਣ ਨਾਲ ਹੀ ਪੁਜਾਰੀ ਦੀ ਗੋਲਕ ਵਿੱਚ ਵੱਧ ਮਾਇਆ ਆਏਗੀ, ਗੋਲਕ ਭਰੇਗੀ। ਪੁਜਾਰੀ ਦੀ ਬੱਲੇ ਬੱਲੇ ਹੋਏਗੀ।**

**. ਪੁਜਾਰੀ ਦੇ ਮਨ ਵਿੱਚ ਸ਼ਰਧਾ-ਉੱਲੂਆਂ ਨੂੰ “ਗੁਰਮੱਤ-ਗਿਆਨ-ਵਿਚਾਰ” ਦੇਣ ਲਈ ਕੋਈ ਸੰਕਲਪ ਨਹੀਂ ਹੁੰਦਾ, ਕੋਈ ਖਿੱਚ ਨਹੀਂ, ਕੋਈ ਲਗਾਉ ਨਹੀਂ ਹੁੰਦਾ। ਉਸਨੂੰ ਆਪਣੀ ਦੁਕਾਨਦਾਰੀ ਦਾ ਜਿਆਦਾ ਫਿਕਰ ਹੈ, ਆਪਣੀ ਰੋਜ਼ੀ-ਰੋਟੀ ਨਾਲ ਜਿਆਦਾ ਪਿਆਰ ਹੈ। ਇਸ ਲਈ ਪੁਜਾਰੀ ਦਾ ਪੂਰਾ ਜ਼ੋਰ ਸਿੱਖ ਸ਼ਰਧਾ-ਉੱਲੂਆਂ ਨੂੰ ਜਗਹ, ਸਥਾਨ, ਬਿੱਲਡਿੰਗ ਦੇ ਨਾਲ ਜੋੜਨ ਉੱਪਰ ਹੀ ਲੱਗਿਆ ਹੁੰਦਾ ਹੈ।**

## . ਸਮੱਗਰ ‘ਗੁਰਬਾਣੀ’ ਵਿੱਚ ‘ਗਿਆਨ’ ਹੀ ਸਿਰਮੌਰ ਹੈ।

.’**ਗਿਆਨ**’ ਹੀ ‘ਨਾਮ’ ਹੈ, ਨਿਤਨੇਮ ਹੈ, ਨਿਯਮ ਹੈ, ਸਿਧਾਂਤ ਹੈ, ਅਸੂਲ ਹੈ।

.”ਗਿਆਨ” ਨੂੰ ਹੀ ਮਨੁੱਖਾ ਜੀਵਨ ਲਈ **‘ਅੰਮ੍ਰਿਤ’** ਮੰਨਿਆ ਗਿਆ ਹੈ।

.’**ਗਿਆਨ**’ ਹੀ ਮਨੁੱਖ ਨੂੰ ਮੂੜਮੱਤ-ਮੰਨਮੱਤ, ਮਨਮੁੱਖ-ਤਾਈ ਵਾਲੇ ਕੰਮਾਂ ਤੋਂ ਰੋਕ ਕੇ **‘ਗੁਰਮੱਖ’** ਬਣਾਉਂਦਾ ਹੈ।

.’**ਗਿਆਨ**’ ਹੀ ਮਨੁੱਖ ਨੂੰ ਢਹਿੰਦੀ-ਕਲਾ ਵਾਲੇ ਜੀਵਨ ਵਿਚੋਂ ਕੱਢਕੇ, ਚੜ੍ਹਦੀ-ਕਲਾ ਵਾਲੇ ਜੀਵਨ ਵਿੱਚ ਬਣਾਉਂਦਾ ਹੈ।

**.”ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ॥ ਮ1॥ 414॥**

(ਅੰਮ੍ਰਿਤ ਰੁਪੀ “ਗਿਆਨ” ਹੀ ਮਨੁੱਖ ਲਈ ਆਤਮਿੱਕ ਤ੍ਰਿਪਤੀ ਵਾਲਾ ਭੋਜਨ ਬਣ ਜਾਂਦਾ ਹੈ।)

**.”ਗੁਰ ਸਾਧੂ ਅੰਮ੍ਰਿਤ ਗਿਆਨ ਸਰਿ ਨਾਇਣੁ॥ ਸਭਿ ਕਿਲਵਿਖ ਪਾਪ ਗਏ ਗਵਾਇਣੁ॥ ਮ4॥ 1133॥**

(ਗੁਰੁ ਦੇ “ਗਿਆਨ’ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਨ ਨਾਲ ਸਾਰੇ ਮਾਨਸਿੱਕ ਦਲਿੱਦਰ ਦੂਰ ਹੋ ਜਾਂਦੇ ਹਨ।)

**.”ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ”॥ ਮ3॥ 1346॥**

(ਇਹ ਮਨੁੱਖਾ ਸਰੀਰ ਹੀ ‘ਹਰਿ ਮੰਦਿਰ’ ਦੀ ਨਿਆਈਂ ਹੈ, “ਗਿਆਨ” ਰਾਂਹੀ ਹੀ ਇਸ ਭੇਦ/ਨੁਕਤੇ ਦੀ ਸਮਝ ਆਉਂਦੀ ਹੈ।

**.”ਭੋਜਨ ਗਿਆਨੁ ਮਹਾਂ ਰਸੁ ਮੀਠਾ॥ ਮ1 1032॥**

( "ਗਿਆਨ" ਰੂਪੀ ਭੋਜਨ ਛੱਕਣਾ, ਭਾਵ ਹਰ ਪਾਸੇ ਦੀ ਜਾਣਕਾਰੀ ਲੈਣਾ। ਗਿਆਨਵਾਨ ਨੂੰ ਗਿਆਨ ਰੂਪੀ ਭੋਜਨ ਸਾਰੇ ਭੋਜਨਾਂ ਵਿਚੋਂ ਮਿੱਠਾ ਮਹਿਸੂਸ ਹੁੰਦਾ ਹੈ। ਹੈ।)

."ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾਂ ਅੰਤਰਿ ਸੁਰਤਿ ਗਿਆਨੁ"॥ ਮ3॥ 1418॥

(ਗੁਰਮੱਤ 'ਗਿਆਨ' ਲੈ ਕੇ ਆਪਣਾ ਮਨੁੱਖਾ ਜੀਵਨ ਜਿਉਂਣ ਵਾਲੇ ਕਦੇ ਵੀ ਮਾਨਸਿੱਕ ਤੌਰ ਤੇ ਕਮਜ਼ੋਰ ਨਹੀਂ ਹੁੰਦੇ। ਮਨੁੱਖਾ ਸਰੀਰ ਨੇ ਇੱਕ ਦਿਨ ਬੁੱਢਾ/ਬਿਰਧ ਹੋਣਾ ਹੈ, ਤਾਂ ਵੀ ਉਹਨਾਂ ਗੁਰਸਿੱਖਾਂ ਵਿੱਚ ਗੁਰਮੱਤ ਅਨੁਸਾਰੀ ਜੀਵਨ ਜਿਉਂਣ ਲਈ ਦ੍ਰਿੜਤਾ ਬਣੀ ਰਹਿੰਦੀ ਹੈ, ਬਰਕਰਾਰ ਰਹਿੰਦੀ ਹੈ।

."ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥ ਮ1॥ 472॥

(ਨਾਨਕ ਜੀ ਵਿਚਾਰ ਦੇ ਰਹੇ ਹਨ, ਕਿ ਮਨੁੱਖ ਦੇ ਜੀਵਨ ਵਿੱਚ ਬਣੇ/ਪਏ ਵਹਿਮ, ਭਰਮ, ਭੁਲੇਖੇ, ਸੂਤਕ, ਸ਼ੰਕਿਆਂ ਦੀ ਨਿਵਿਰਤੀ ਕੇਵਲ 'ਗਿਆਨ' ਨਾਲ ਹੀ ਹੁੰਦੀ ਹੈ। 'ਗਿਆਨ' ਹੀ ਇਹਨਾਂ ਜੰਜਾਲਾਂ, ਦਲਦਲ ਵਿਚੋਂ ਕੱਢ ਸਕਦਾ ਹੈ।)

."ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ"॥ ਰਹਾਉ॥ ਮ1॥ 20॥

(ਮਨੁੱਖ ਦੇ ਅੰਦਿਰ ਲਗੀ ਜਲਨ, {ਭਾਵ ਵਹਿਮਾਂ, ਭਰਮਾਂ, ਫਿਕਰਾਂ, ਝੋਰਿਆਂ ਦੀ ਚਿੰਤਾ} ਤਾਂ ਹੀ ਬੁੱਝਦੀ ਹੈ, ਜਦੋ ਗੁਰਮੁੱਖ ਜਨ ਗੁਰਮੱਤ 'ਗਿਆਨ' ਨੂੰ ਹਾਸਿਲ ਕਰਦਾ ਹੈ।

."ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ"॥ ਮ3॥ 29॥

(ਗੁਰੂ ਦੇ ਪ੍ਰਚੰਡ 'ਗਿਆਨ' ਦਾ ਦੀਵਾ ਬਲਣ ਕਰਕੇ, ਮਨੁੱਖ ਦੇ ਅੰਦਰੋਂ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ, ਭਾਵ ਮਨੁੱਖ ਦੇ ਅੰਦਰ ਚਾਨਣ ਹੋ ਜਾਂਦਾ ਹੈ, ਉਹ 'ਸੱਚ' ਨੂੰ ਜਾਨਣ, ਸਮਝਣ ਲੱਗ ਜਾਂਦਾ ਹੈ।

."ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ"॥ ਮ3॥ 39॥ (ਜਿਸ ਤਰਾਂ ਅੰਧੇਰੇ/ਹਨੇਰੇ ਵਿੱਚ ਦੀਵਾ ਬਾਲਣ ਨਾਲ/ਜਗਾਉਣ ਨਾਲ ਚਾਨਣ ਹੋ ਜਾਂਦਾ ਹੈ, ਅੰਧੇਰਾ/ਹਨੇਰਾ ਖਤਮ ਹੋ ਜਾਂਦਾ ਹੈ, ਠੀਕ ਇਸੇ ਤਰਾਂ "ਗਿਆਨ" ਰੂਪੀ ਦੀਵਾ ਜਗਣ ਦੇ ਨਾਲ ਅਗਿਆਨਤਾ ਰੂਪੀ ਅੰਧੇਰਾ/ਹਨੇਰਾ ਖਤਮ ਹੋ ਜਾਂਦਾ ਹੈ।

."ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ॥ ਮ1॥ 59॥

( 'ਗਿਆਨ' ਰੂਪੀ ਪਦਾਰਥ ਪਾਉਣ ਨਾਲ, ਭਾਵ "ਗਿਆਨ" ਪ੍ਰਾਪਤ ਕਰ ਲੈਣ ਨਾਲ ਤ੍ਰਿਭਵਣ ਦੀ ਸੋਝੀ ਹੋ ਜਾਂਦੀ ਹੈ ਭਾਵ ਮਨੁੱਖ ਦੇ 'ਗਿਆਨਵਾਨ' ਹੋਣ ਨਾਲ ਮਨੁੱਖ ਆਪਣੇ ਆਲੇ-ਦੁਆਲੇ ਹਰ ਤਰਾਂ ਦੀ ਜਾਣਕਾਰੀ ਹੋ ਜਾਂਦੀ ਹੈ। ਮਨੁੱਖ ਆਪਣੇ ਹਰ ਕੰਮਕਾਰ ਨੂੰ ਆਪਣੇ ਪੂਰੀ ਜਿੰਮੇਵਾਰੀ ਨਾਲ ਨਿਭਾਉਣਾ ਕਰਦਾ ਹੈ।

."ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ ਮ5॥ 293॥

(ਗੁਰੂ ਦੇ ਗੁਰਮੱਤ 'ਗਿਆਨ' ਰੂਪੀ ਸੁਰਮਾ ਨੂੰ ਅੱਖਾਂ ਵਿੱਚ ਪਾਉਣ ਨਾਲ ਅਗਿਆਨਤਾ ਰੂਪੀ ਅੰਧੇਰਾ/ਹਨੇਰੇ ਦਾ ਨਾਸ਼ ਹੋ ਗਿਆ, ਭਾਵ ਵਹਿਮਾਂ ਭਰਮਾਂ ਪਾਖੰਡਾਂ ਤੋਂ ਰਹਿਤ ਜੀਵਨ ਬਣ ਗਿਆ।

."ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥ ਭਟ ਭਿਖਾ ਜੀ॥ 1395॥

(ਭਟ ਭਿਖਾ ਜੀ ਫੁਰਮਾਅ ਰਹੇ ਹਨ ਕਿ ਮਨੁੱਖ ਅਗਰ ਗੁਰੂ ਦੇ ਗਿਆਨ ਨਾਲ ਆਪਣਾ ਧਿਆਨ ਜੋੜਨਾ ਕਰ ਲਵੇ ਤਾਂ 'ਤਤ' ਨਾਲ ਮਨੁੱਖ ਦੀ ਸਾਂਝ ਬਣ ਸਕਦੀ ਹੈ।



.'ਸਬਦ ਗੁਰੂ ਗਰੰਥ' ਵਿਚ ਦਰਜ਼ ਬਾਣੀ ਦੀਆਂ ਤਕਰੀਬਨ 750 ਗੁਰਬਾਣੀ ਪੰਕਤੀਆਂ ਵਿੱਚ ਲਫ਼ਜ਼ **'ਗਿਆਨ'** ਦੀ ਵਰਤੋਂ ਕੀਤੀ ਗਈ ਹੈ। ਅਨੇਕਾਂ ਹੀ ਪ੍ਰਮਾਣ 'ਗੁਰਬਾਣੀ' ਵਿਚੋਂ ਦਿੱਤੇ ਜਾ ਸਕਦੇ ਹਨ, ਕਿ 'ਗੁਰਬਾਣੀ' ਅੰਦਰ **'ਗਿਆਨ'** ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਮਨੁੱਖ ਦੇ ਅੰਦਰ **'ਗਿਆਨ'** ਨਾਲ ਹੀ ਚਾਨਣ ਹੁੰਦਾ ਹੈ। **"ਅੰਤਰਿ ਚਾਨਣੁ ਅਗਿਆਨੁ ਅੰਧੇਰ ਗਵਾਇਆ॥ ਮ3॥ 124॥**

. ਉਹ ਮਨੁੱਖ/ਇਨਸਾਨ 'ਗਿਆਨੀ' ਹੈ, ਜੋ ਆਪਣੇ, ਆਪੇ ਅੰਦਰ ਵਿਚਾਰ ਕਰਦਾ ਹੈ, ਆਪਣੇ ਵਿਚਾਰਾਂ ਦੀ ਨਜ਼ਰਸਾਨੀ ਕਰਦਾ ਹੈ। **"ਆਪੁ ਬੀਚਾਰੇ ਸੁ ਗਿਆਨੀ ਹੋਈ"॥ ਮ1॥ 152॥**

. ਮਨੁੱਖ ਨੂੰ ਆਪਣੇ ਅੱਠੇ-ਪਹਿਰ ਭਾਵ (24 ਘੰਟੇ/ਦਿਨ-ਰਾਤ), 'ਗਿਆਨ' ਦੀ ਛੱਤਰ-ਛਾਇਆ ਥੱਲੇ ਹੀ ਬਤੀਤ ਕਰਨੇ ਚਾਹੀਦੇ ਹਨ, ਭਾਵ ਆਪਣਾ ਹਰ ਕਰਮ ਸੋਚ-ਸਮਝਕੇ, ਵਿਚਾਰਕੇ ਕਰਨਾ ਚਾਹੀਦਾ ਹੈ। **"ਆਠ ਪਹਿਰ ਆਰਾਧੀਐ ਪੂਰਨ ਸਤਿਗੁਰ ਗਿਆਨੁ"॥ 1॥ ਰਹਾਉ॥ ਮ 5॥ 218॥**

. ਅਗਰ ਮਨੁੱਖ 'ਗਿਆਨ' ਦੀ ਪ੍ਰਾਪਤੀ **ਨਹੀਂ** ਕਰਦਾ ਤਾਂ 'ਅਗਿਆਨੀ' ਸ਼੍ਰੇਣੀ ਵਿੱਚ ਗਿਣਿਆ ਜਾਂਦਾ ਹੈ। ਬਾਣੀ ਫੁਰਮਾਣ ਹੈ। **"ਕਈ ਕੋਟਿ ਅੰਧ ਅਗਿਆਨੀ"॥ ਮ5॥ 275॥** ਇਸ ਮਨੁੱਖਾ ਸੰਸਾਰ ਵਿੱਚ ਕਈ ਕਰੋੜ ਮਨੁੱਖ 'ਅਗਿਆਨਤਾ' ਵਾਲੀ ਅਵੱਸਥਾ ਵਿੱਚ ਹੀ ਆਪਣਾ ਮਨੁੱਖਾ ਜੀਵਨ ਬਤੀਤ ਕਰ ਰਹੇ ਹਨ।

.'**ਗਿਆਨਵਾਨ/ਬ੍ਰਹਮ ਦਾ ਗਿਆਨ'** ਰੱਖਣ ਵਾਲੇ ਬਾਰੇ ਮ 5 ਵਲੋਂ ਉਚਾਰੀ ਇੱਕ ਪੂਰੀ ਅਸਟਪਦੀ ਨੰਬਰ 8 ਸੁਖਮਨੀ ਸਾਹਿਬ ਬਾਣੀ ਵਿੱਚ ਦਰਜ਼ ਹੈ।

**. ਸਲੋਕ॥ ਮਨਿ ਸਾਚਾ ਮੁਖਿ ਸਾਚਾ ਸੋਇ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ॥ ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥ ਮ5॥ 272॥**

**.'ਬ੍ਰਹਮ ਗਿਆਨੀ' : ਸੱਚ/ਕਰਤਾ/ਕਰਤਾਰ/ਰੱਬ/ਵਾਹਿਗੁਰੂ/ਬ੍ਰਹਮ ਦਾ ਗਿਆਨ ਰੱਖਣ ਵਾਲਾ,**

- **ਆਪਣੇ ਆਪ ਨੂੰ ਜਾਨਣ ਵਾਲਾ,**
- **ਸਤੋ-ਗੁਣੀ ਜੀਵਨ ਬਤੀਤ ਕਰਨ ਵਾਲਾ।**
- **ਸੱਚ/ਕਰਤੇ/ਕਰਤਾਰ ਦੇ 'ਗੁਣਾਂ' ਨੂੰ ਜਾਨਣ ਵਾਲਾ,**
- **ਗੁਣਾਂ ਨੂੰ ਜਾਣ ਕੇ, ਸਮਝ ਕੇ, ਆਪਣੇ ਜੀਵਨ ਵਿੱਚ ਪਰੈਕੀਕਲ ਜ਼ਿੰਦਗੀ ਜਿਉਂਣ ਵਾਲਾ।**

- ਸੱਚ/ਕਰਤੇ/ਕਰਤਾਰ ਦੇ 'ਗੁਣਾਂ' ਨੂੰ ਜਾਣਕੇ, ਆਪ ਉਸ ਤਰਾਂ ਦਾ ਜੀਵਨ ਜਿਉਂਣਾ ਸੁਰੂ ਕਰਕੇ, ਫਿਰ ਹੋਰਨਾਂ ਨੂੰ ਵੀ ਉਸ ਸੱਚ ਦੇ ਮਾਰਗ ਉੱਪਰ ਚੱਲਣ ਦੀ ਸਾਲਾਹ ਦੇਣ ਵਾਲਾ।
- ਸਚਿਆਰਤਾ ਵਾਲਾ ਜੀਵਨ ਜਿਉਂਣ ਵਾਲਾ।

### ਗਿਆਨ: ਇਸ ਦਿੱਸਦੇ-ਅਣ-ਦਿੱਸਦੇ ਸੰਸਾਰ ਵਿੱਚ ਮਨੁੱਖ ਦੇ ਹਰ-ਪਾਸੇ ਗਿਆਨ ਹੀ ਗਿਆਨ ਪਸਰਿਆ ਹੈ।

- ਲੋੜ ਹੈ ਇਸ ਗਿਆਨ ਦੀ ਪਕੜ ਕਰਨ ਵਾਲੇ ਮਨ ਦੀ, ਸੋਚ ਦੀ।
- ਲੋੜ ਹੈ ਇਸ ਗਿਆਨ ਦੀ ਜਾਣਕਾਰੀ ਲੈਣ ਵਾਲੇ ਮਨ ਦੀ।
- ਲੋੜ ਹੈ ਇਸ ਗਿਆਨ ਦੀ ਪਕੜ ਕਰਨ ਵਾਲੇ ਮਨ ਵਿੱਚ ਲਗਨ ਦੀ।
- ਲੋੜ ਹੈ ਇਸ ਗਿਆਨ ਦੀ ਪਕੜ ਕਰਨ ਵਾਲੇ ਮਨ ਵਿੱਚ ਤੜਪ ਦੀ।
- ਲੋੜ ਹੈ ਇਸ ਗਿਆਨ ਦੀ ਪਕੜ ਕਰਨ ਵਾਲੇ ਮਨ ਵਿੱਚ ਚਾਅ ਦੀ।
- ਲੋੜ ਹੈ ਇਸ ਗਿਆਨ ਦੀ ਪਕੜ ਕਰਨ ਵਾਲੇ ਮਨ ਵਿੱਚ ਇੱਛਾ ਦੀ।
- ਲੋੜ ਹੈ ਇਸ ਗਿਆਨ ਦੀ ਪਕੜ ਕਰਨ ਵਾਲੇ ਮਨ ਵਿੱਚ ਖਵਾਹਿਸ਼ ਦੀ।
- ਗਿਆਨ, ਆਪ ਲੈਣਾ ਪੈਂਦਾ ਹੈ।
- ਗਿਆਨ, ਦਿੱਤਾ ਨਹੀਂ ਜਾ ਸਕਦਾ।
- ਗਿਆਨ, ਦੀ ਪਕੜ ਆਪ ਕਰਨੀ ਪੈਂਦੀ ਹੈ।
- ਗਿਆਨ, ਕਿਸੇ ਦੇ ਹੱਥ ਵਿੱਚ ਨਹੀਂ ਪਕੜਾਇਆ ਜਾ ਸਕਦਾ।
- ਗੁਰਮੱਤ ਗਿਆਨ, ਕਿਸੇ ਵੀ ਮਨੁੱਖ ਇੱਕ ਸਚਿਆਰਾ ਮਨੁੱਖ ਬਨਣ ਦੀ ਪ੍ਰੇਰਨਾ ਕਰਦਾ ਹੈ। ਇੱਕ ਸਚਿਆਰਾ ਮਨੁੱਖ ਬਣਕੇ ਕੋਈ ਵੀ ਇਨਸਾਨ/ਮਨੁੱਖ ਇੱਕ ਚੰਗਾ ਡਾਕਟਰ, ਵਕੀਲ, ਇੰਜਨੀਅਰ, ਪਾਈਲਟ ਕੁੱਝ ਵੀ ਬਣ ਸਕਦਾ ਹੈ।
- ਗਿਆਨ, ਮਨੁੱਖ ਦੀ ਸੋਚ ਵਿੱਚ ਬਦਲਾਅ ਲੈ ਆਉਂਦਾ ਹੈ।
- ਗਿਆਨ, ਮਨੁੱਖ ਦੀ ਸੋਚ ਨੂੰ ਸਕਾਰਾਤਮਿਕ ਬਣਾਉਂਦਾ ਹੈ।
- ਗਿਆਨ, ਮਨੁੱਖ ਨੂੰ ਚੜ੍ਹਦੀ-ਕਲਾ ਵਾਲੇ ਰਾਹ ਉੱਪਰ ਚੱਲਣ ਲਈ ਪ੍ਰੇਰਤ ਕਰਦਾ ਹੈ।
- ਗਿਆਨ, ਮਨੁੱਖ ਨੂੰ ਆਪਣੇ ਆਪ ਦੀ ਜਾਣਕਾਰੀ ਰੱਖਣ ਲਈ ਉਤਸ਼ਾਹਿਤ ਕਰਦਾ ਹੈ।
- ਗਿਆਨ, ਲੋਕ-ਭਲਾਈ, ਜਨ ਕਲਿਆਣ ਦੇ ਕਾਰਜ਼ਾਂ ਲਈ ਹੌਂਸਲਾ ਦਿੰਦਾ ਹੈ।
- ਗਿਆਨਵਾਨ, ਵਹਿਮਾਂ ਭਰਮਾਂ ਪਾਖੰਡਾਂ ਕਰਮਕਾਂਡਾਂ ਵਾਲੀ ਦਲਦਲ ਵਿਚੋਂ ਨਿਕਲ ਜਾਂਦਾ ਹੈ।

*** ਗੁਰੂ-ਕਾਲ ਦੇ ਸਮੇਂ ਦੀ ਇਹ ਸੱਚਾਈ ਹੈ, ਕਿ ਕਿਸੇ ਵੀ ਗੁਰੂ ਸਖਸ਼ੀਅਤ ਨੇ ਕਿਸੇ ਜਗਹ, ਸਥਾਨ, ਬਿੱਲਡਿੰਗ, ਪਿੰਡ, ਨਗਰ, ਸ਼ਹਿਰ, ਗਰਾਂ ਦੀ ਪਕੜ ਨਹੀਂ ਕੀਤੀ, ਖਿੱਚ ਨਹੀਂ ਕੀਤੀ, ਕਿ ਉਥੇ ਰਹਿ/ਬਹਿ ਕੇ ਹੀ 'ਗੁਰਮੱਤ' ਦਾ ਪ੍ਰਚਾਰ-ਪ੍ਰਸਾਰ ਕਰਨਾ ਹੈ।

- ਬਾਬੇ ਨਾਨਕ ਨੇ ਆਪ ਕਰਤਾਰਪੁਰ ਨਗਰ ਵਸਾਉਣਾ ਕੀਤਾ। ਉਥੇ ਰਹਿ ਕੇ 'ਗੁਰਮੱਤ' ਦਾ ਪ੍ਰਚਾਰ-ਪ੍ਰਸਾਰ ਕੀਤਾ। ਭਾਈ ਲਹਿਣਾ ਜੀ ਇਥੇ ਹੀ ਨਾਨਕ ਤਪਾ ਜੀ ਮਿਲਣ ਲਈ ਆਏ। ਭਾਈ ਲਹਿਣਾ ਜੀ ਨੇ 7 ਸਾਲ ਇਸੇ ਕਰਤਾਰ ਵਿੱਚ ਰਹਿ ਕੇ ਬਾਬੇ ਨਾਨਕ ਜੀ ਤੋਂ 'ਗੁਰਮੱਤ-ਗਿਆਨ' ਹਾਸਿਲ ਕੀਤਾ।

ਬਾਬੇ ਨਾਨਕ ਜੀ ਨੇ ਆਪਣੀ ਪਰਖ ਕੱਸਵੱਟੀ ਉੱਪਰ ਪਰਖ ਕੇ ਭਾਈ ਲਹਿਣਾ ਜੀ ਨੂੰ ਆਪਣੇ 'ਗੁਰਮੱਤ' ਪ੍ਰਚਾਰ ਪ੍ਰਸਾਰ ਮਿਸ਼ਨ ਦੀ ਜ਼ਿੰਮੇਂਵਾਰੀ ਦੇਣੀ ਕੀਤੀ। ਨਾਮ ਦਿੱਤਾ ਅੰਗਦ ਸਾਹਿਬ ਜੀ। ਬਾਬੇ ਨਾਨਕ ਨੇ ਗੁਰੂਤਾ ਦੇਣ ਦੇ ਨਾਲ ਹੀ ਗੁਰੂ ਅੰਗਦ ਨੂੰ ਕਰਤਾਰਪੁਰ ਛੱਡ ਕੇ ਨਗਰ 'ਖਡੂਰ' ਜਾਣ ਦੀ ਸਾਲਾਹ ਦੇਣੀ ਕੀਤੀ। ਗੁਰੂ ਅੰਗਦ ਸਾਹਿਬ ਜੀ ਨੇ ਬੜੀ ਖੁਸ਼ੀ-ਖੁਸ਼ੀ ਕਰਤਾਰ ਪੁਰ ਨੂੰ ਅਲਵਿੱਦਾ ਕਹਿ ਦਿੱਤਾ। ਨਗਰ ਕਰਤਾਰਪੁਰ ਨਾਲ ਕੋਈ ਮੋਹ ਨਹੀਂ ਵਿਖਾਇਆ, ਕਿ ਇਹ ਬਾਬੇ ਨਾਨਕ ਦਾ ਵਸਾਇਆ ਨਗਰ ਹੈ ਮੈਂ ਇਥੇ ਰਹਿ ਕੇ ਹੀ 'ਗੁਰਮੱਤ' ਦਾ ਪ੍ਰਚਾਰ-ਪ੍ਰਸਾਰ ਕਰਨਾ ਹੈ। ਕੋਈ ਜਗਹ/ਸਥਾਨ ਦੀ ਪਕੜ ਨਹੀਂ ਕੀਤੀ।

- ਗੁਰੂ ਅੰਗਦ ਸਾਹਿਬ ਜੀ ਨੇ ਆਪਣੀ ਹਿਆਤੀ ਵਿੱਚ 'ਗੁਰਮੱਤ' ਦਾ ਪ੍ਰਚਾਰ-ਪ੍ਰਸਾਰ ਖਡੂਰ ਸਾਹਿਬ ਤੋਂ ਕੀਤਾ। ਬਾਬਾ ਅਮਰਦਾਸ ਜੀ ਨੂੰ ਗੁਰਤਾ ਗੱਦੀ ਸੌਂਪਣ ਤੋਂ/ਦੇਣ ਤੋਂ ਬਾਅਦ ਗੋਇੰਦਵਾਲ ਜਾ ਕੇ 'ਗੁਰਮੱਤ' ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਕਿਹਾ। ਗੁਰੂ ਅਮਰਦਾਸ ਜੀ ਖੁਸ਼ੀ-ਖੁਸ਼ੀ ਨਗਰ 'ਗੋਇੰਦਵਾਲ' ਆ ਗਏ। ਕੋਈ ਜਗਹ/ਸਥਾਨ ਦੀ ਪਕੜ ਨਹੀਂ ਕੀਤੀ।
- ਗੁਰੂ ਅਮਰਦਾਸ ਜੀ 72 ਸਾਲ ਦੀ ਉੱਮਰ ਤੋਂ 95 ਸਾਲ ਤੱਕ ਗੋਇੰਦਾਲ ਸਾਹਿਬ ਰਹੇ। ਭਾਈ ਜੇਠਾ ਜੀ (ਗੁਰੂ ਅਮਰਦਾਸ ਜੀ ਦੇ ਛੋਟੇ ਜਵਾਈ) ਨੂੰ ਚੌਥੀ ਜਗਹ 'ਗੁਰਮੱਤ' ਪ੍ਰਚਾਰ-ਪ੍ਰਸਾਰ ਦੀ ਜ਼ਿੰਮੇਵਾਰੀ ਨਿਭਾਉਣ ਲਈ ਚੁਣਿਆ ਗਿਆ। ਉਹਨਾਂ ਗੁਰੂ ਰਾਮਦਾਸ ਜੀ ਬਣਕੇ ਸਿੱਖ ਸਮਾਜ ਨੂੰ ਸੇਧ ਦੇਣੀ ਕੀਤੀ। ਗੋਇੰਦਵਾਲ ਛੱਡ ਕੇ ਗੁਰੂ ਰਾਮਦਾਸ ਜੀ, ਨਗਰ 'ਗੁਰੁ ਕੇ ਚੱਕ' (ਬਾਦ ਵਿੱਚ ਅੰਮ੍ਰਿਤਸਰ) ਆ ਗਏ। ਕੋਈ ਜਗਹ/ਸਥਾਨ ਦੀ ਪਕੜ ਨਹੀਂ ਕੀਤੀ।
- ਗੁਰੂ ਰਾਮਦਾਸ ਜੀ 'ਗੁਰੂ ਕਾ ਚੱਕ' ਨਗਰ ਵਸਾਉਣਾ ਕੀਤਾ। ਪੰਜਵੀਂ ਜਗਹ ਤੇ ਗੁਰਿਆਈ ਆਪਣੇ ਛੋਟੇ ਬੇਟੇ ਅਰਜਨ ਦੇਵ ਜੀ ਨੂੰ ਯੋਗ ਸਮਝਦੇ ਹੋਏ ਦੇਣੀ ਕੀਤੀ। ਪੰਜਵੇ ਸਤਿਗੁਰੂ ਜੀ ਨੇ ਨਗਰ 'ਗੁਰੂ ਕਾ ਚੱਕ' ਤੋਂ ਵੀ ਅਲੱਗ ਨਗਰ 'ਤਰਨ-ਤਾਰਨ' ਵਸਾਉਣਾ ਕੀਤਾ। ਕੋਈ ਜਗਹ/ਸਥਾਨ ਦੀ ਪਕੜ ਨਹੀਂ ਕੀਤੀ।
- ਪੰਜਵੇਂ ਸਤਿਗੁਰੂ ਜੀ ਨੇ ਨਗਰ 'ਤਰਨ-ਤਾਰਨ' ਵਸਾਉਣਾ ਕੀਤਾ। ਨਗਰ 'ਗੁਰੂ ਕਾ ਚੱਕ ਅਤੇ ਤਰਨ-ਤਾਰਨ ਤੋਂ ਸਿੱਖੀ ਦਾ ਪ੍ਰਚਾਰ-ਪ੍ਰਸਾਰ ਕਰਦੇ ਰਹੇ। ਛੇਵੀਂ ਜਗਹ ਤੇ ਗੁਰਤਾ ਦੀ ਜ਼ਿੰਮੇਵਾਰੀ ਆਪਣੇ ਬੇਟੇ ਹਰਗੋਬਿੰਦ ਜੀ ਨੂੰ ਦੇਣੀ ਕੀਤੀ।
- ਗੁਰੂ ਹਰਗੋਬਿੰਦ ਸਾਹਿਬ ਜੀ ਨੇ ਨਗਰ 'ਕੀਰਤਪੁਰ' ਸਾਹਿਬ ਵਸਾਉਣਾ ਕੀਤਾ।
- ਸੱਤਵੇਂ ਗੁਰੁ ਹਰਿਰਾਏ ਸਾਹਿਬ ਕੀਰਤਪੁਰ ਹੀ ਰਹੇ। ਕੋਈ ਨਗਰ ਨਹੀਂ ਵਸਾਇਆ।
- ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਵੀ ਕੋਈ ਨਗਰ ਨਹੀਂ ਵਸਾਇਆ।
- ਨੌਂਵੇਂ ਗੁਰੁ ਤੇਗਬਹਾਦਰ ਸਾਹਿਬ ਜੀ ਨੇ ਨਗਰ 'ਅਨੰਦਪੁਰ' ਸਾਹਿਬ ਵਸਾਇਆ।
- ਦੱਸਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 1666 ਵਿੱਚ ਪਟਨਾ ਸ਼ਹਿਰ ਦਾ ਹੈ। ਸਾਲ 1672 ਵਿੱਚ ਪਟਨੇ ਤੋਂ ਬਾਦ ਨਗਰ 'ਚੱਕ ਨਾਨਕੀ' ਆ ਗਏ (ਅਨੰਦਪੁਰ) ਆ ਗਏ। ਸਾਲ 1672 ਤੋਂ ਲੈ ਕੇ 1704 ਤੱਕ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਦੇ ਆਸੇ ਪਾਸੇ ਇਲਾਕੇ ਵਿੱਚ ਵਿਚਰਦੇ ਰਹੇ। ਹਾਲਾਤਾਂ ਦੀਆਂ ਮਜ਼ਬੂਰੀਆਂ ਕਰਕੇ ਦੱਸਵੇਂ ਗੁਰੂ ਨੇ 1704 ਵਿੱਚ ਅਨੰਦਪੁਰ ਛੱਡ ਦਿੱਤਾ। ਜਗਹ/ਸਥਾਨ ਦੀ ਕੋਈ ਪਕੜ ਨਹੀਂ ਕੀਤੀ।

. ਮਨੁੱਖਾ ਜੀਵਨ ਵਿੱਚ 'ਗਿਆਨ', ਅਕਲ, ਮੱਤ, ਬੁੱਧ, ਸੋਝੀ, ਸਮਝਦਾਰੀ ਨੂੰ ਹੀ ਵਰਤੋਂ ਵਿੱਚ ਲਿਆ ਕੇ ਇੱਕ ਸੁਚੱਜਾ ਮਨੁੱਖਾ ਜੀਵਨ ਬੀਤਾਇਆ ਜਾ ਸਕਦਾ ਹੈ।

.’ਗੁਰਬਾਣੀ’ ‘ਗੁਰਮੱਤ’ ਗਿਆਨ ਵੀ ਇਸੇ ਉਪੱਰਲੇ ਆਸ਼ੇ ਨੂੰ ਪੂਰਾ ਕਰਨ ਲਈ ਲਿਖਤ ਵਿੱਚ ਆਇਆ। ਮਨੁੱਖ ਦੇ ਆਸੇ-ਪਾਸੇ, ਅੱਗੇ-ਪਿਛੇ, ਉੱਪਰ ਨੀਚੇ, ਭਾਵ ਹਰ ਪਾਸੇ ਗਿਆਨ ਹੀ ਗਿਆਨ ਪਸਰਿਆ ਹੋਇਆ ਹੈ।

. ਲੋੜ ਹੈ, ਮਨੁੱਖ ਦੇ ਆਪਣੇ ਅੰਦਰ ਉਹ ਭਾਵ/ਸੋਚ ਪੈਦਾ ਕਰਨ ਦੀ, ਲਗਨ ਦੀ, ਸਿਦਕ ਦੀ, ਜਿਸ ਕਰਕੇ ਮਨ ਵਿੱਚ ਚਾਅ ਬਣੇ ਕਿ ਮੈਂ ‘ਗਿਆਨ’ ਲੈਣਾ ਹੈ।

. ਮਨੁੱਖਾ ਜੀਵਨ ਦਾ ਮਕਸਦ “ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ 2॥ ਮ5॥ 522॥




. ਹੱਸਦੇ ਖੇਢਦੇ ਪੈਨ੍ਹਦੇ ਖਾਂਦੇ ਇਸ ਮਨੁੱਖਾ ਜੀਵਨ ਦਾ ਖੁਸ਼ੀ ਖੁਸ਼ੀ ਅਨੰਦ ਮਾਨਣਾ। ਇਹ ਅਨੰਦ ਕੇਵਲ ‘ਗਿਆਨ’ ਨਾਲ ਹੀ ਮਾਣਿਆ ਜਾ ਸਕਦਾ ਹੈ।

.’ਗਿਆਨ’ ਹਾਸਿਲ ਕਰਕੇ ਫੈਸਲਾ ਮਨੁੱਖ ਦਾ ਆਪਣਾ ਹੀ ਹੁੰਦਾ ਹੈ, ਕਿ ‘ਗਿਆਨ’ ਦੀ ਵਰਤੋਂ ਕਿਸ ਤਰਾਂ ਕਰਨੀ ਹੈ।

. ਇਹ ਹਰ ਮਨੁੱਖ ਦਾ ਨਿਜ਼ੀ ਮਸਲਾ ਹੈ। ਇਸ ਵਿੱਚ ਕਿਸੇ ਵੀ ਦੂਜੇ, ਤੀਜੇ ਮਨੁੱਖ ਨੂੰ ਆਪਣੇ ਨਿਜ਼ ਦੁਆਰਾ ਕੀਤੇ ਕੰਮਾਂ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ।

. ਧਰਮ ਨੇ ਨਾਂ ਉੱਪਰ ਬਣਾਏ ਗਏ ‘ਸ਼ਰਧਾ-ਭਾਵਨਾ’ ਦੇ ‘ਡਰ’ ਮਨੁੱਖ ਉੱਪਰ ਹਾਵੀ ਹਨ। ‘ਗਿਆਨ’ ਦੀ ਗੈਰ-ਹਾਜ਼ਰੀ ਕਰਕੇ ਮਨੁੱਖ ਅੰਦਰੋ ਅੰਦਰ ਡਰਦਾ ਰਹਿੰਦਾ ਹੈ। ਕਿ ਆਹ ਨਾ ਹੋ ਜਾਏ, ਉਹ ਨਾ ਜਾਏ। ‘ਗਿਆਨ’ ਹੀ ਮਨੁੱਖ ਨੂੰ ਮਜ਼ਬੂਤ ਕਰਦਾ ਹੈ। ‘ਗਿਆਨ’ ਹੀ ਮਨੁੱਖ ਨੂੰ ਸਵਾਰਦਾ ਹੈ। ‘ਗਿਆਨ’ ਹੀ ਮਨੁੱਖ ਦਾ ‘ਕਰਤਾ’ ਹੈ।

**ਇੰਜ ਦਰਸਨ ਸਿੰਘ ਖਾਲਸਾ**

15 ਸਤੰਬਰ 2019